# ਦਫ਼ਤਰ ਪ੍ਰਿੰਸੀਪਲ ਸਰਕਾਰੀ ਕਾਲਜ ਰੂਪਨਗਰ ।

ਮੀਮੋ ਨੰ. ੨੫੧੩

ਮਿਤੀ : ੦੫-੧੦-੨੩

## ਅਤਿ ਜਰੂਰੀ ਨੋਟਿਸ

**ਵਿਸ਼ਾ : ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ, ਸੈਸ਼ਨ 2023-24 ਅਧੀਨ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ Freeship Card ਅਤੇ Scholarship Application Form ਸਬੰਧੀ ਸੂਚਨਾਂ।**

1) ਐਂਟਰੀ ਕਲਾਸਾਂ (Fresh students) ਦੇ ਵਿਦਿਆਰਥੀ Freeship Card ਲਈ ਡਾ. ਬੀ.ਆਰ.ਅੰਬੇਦਕਰ ਪੋਰਟਲ www.scholarships.punjab.gov.in ਤੇ ਅਪਲਾਈ ਕਰਨਗੇ। Freeship Card ਅਪਰੂਵ ਹੋਣ ਉਪਰੰਤ ਵਿਦਿਆਰਥੀ ਡਾ. ਬੀ.ਆਰ.ਅੰਬੇਦਕਰ ਪੋਰਟਲ ਤੇ ਰਜਿਸਟਰਡ ਹੋ ਕੇ Apply Online Link ਤੇ ਜਾ ਕੇ Application Form ਅਪਲਾਈ ਕਰਨਗੇ ਅਤੇ Application Form ਦਾ ਪ੍ਰਿੰਟ ਲੈਣਗੇ।

2) ਭਾਗ ਦੂਜਾ ਤੇ ਤੀਜਾ ਕਲਾਸਾਂ (Renewal) ਦੇ ਵਿਦਿਆਰਥੀ ਪੋਰਟਲ ਤੇ ਲਾੱਗ-ਇੰਨ ਕਰਕੇ ਪਿਛਲੇ ਸਾਲ ਅਪਰੂਵ ਹੋਏ Freeship Card ਦਾ ਪ੍ਰਿੰਟ ਲੈਣਗੇ ਅਤੇ ਮੌਜੂਦਾ ਕਲਾਸ ਸੈਸ਼ਨ 2023-24 ਲਈ Application Form ਦਾ ਅਪਡੇਟਡ ਪ੍ਰਿੰਟ ਲੈਣਗੇ। ਜੇਕਰ ਕਿਸੇ ਵਿਦਿਆਰਥੀ ਦੇ ਪਿਛਲੇ ਸਾਲ ਦੇ Application Form ਵਿੱਚ ਕੋਈ ਤਰੁਟੀ ਸੀ ਤਾਂ ਉਹ ਦਰੁਸਤੀ ਕਰ ਸਕਦੇ ਹਨ।

ਜਰੂਰੀ ਨੋਟ :

1) **ਜਿਨ੍ਹਾਂ ਵਿਦਿਆਰਥੀਆਂ ਦਾ +2 ਵਿੱਚ ਫ੍ਰੀਸ਼ਿਪ ਕਾਰਡ ਬਣਿਆ ਹੋਇਆ ਹੈ ਉਹ ਪਿਛਲਾ ਫ੍ਰੀਸ਼ਿਪ ਕਾਰਡ, +2 ਦਾ ਸਰਟੀਫਿਕੇਟ, ਇਨਕਮ ਸਰਟੀਫਿਕੇਟ ਅਤੇ ਆਧਾਰ ਕਾਰਡ ਲੈ ਕੇ ਸਬੰਧਤ ਭਲਾਈ ਦਫ਼ਤਰ ਨਾਲ ਸੰਪਰਕ ਕਰਕੇ ਫ੍ਰੀਸ਼ਿਪ ਕਾਰਡ ਅਪਡੇਟ ਕਰਵਾ ਸਕਦੇ ਹਨ।**
2) ਲਾਭ ਲੈਣ ਵਾਲੇ ਵਿਦਿਆਰਥੀ ਲੋੜੀਂਦੇ ਦਸਤਾਵੇਜ ਉੱਪਰ ਆਪਣੇ ਹਸਤਾਖਰ ਕਰਨ ਉਪਰੰਤ **ਦੋ ਪਰਤਾਂ ਵਿੱਚ** ਆਪਣੀ ਫਾਈਲ ਵਿੱਚ ਲਗਾ ਕੇ ਸਬੰਧਤ ਇੰਚਾਰਜ ਕੋਲ **ਮਿਤੀ 21-10-2023** ਤੱਕ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ। ਵਧੇਰੇ ਜਾਣਕਾਰੀ ਲਈ ਵਜੀਫਾ ਸ਼ਾਖਾ ਨਾਲ ਸੰਪਰਕ ਕਰਨ।

**ਪ੍ਰਿੰਸੀਪਲ**

**ਸਰਕਾਰੀ ਕਾਲਜ ਰੋਪੜ।**

## ਸੈਸ਼ਨ - 2023-24

# ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਵਿਦਿਆਰਥੀਆਂ ਲਈ ਦਸਤਾਵੇਜਾਂ ਦੀ ਸੂਚੀ।

(ਸਾਰੇ ਦਸਤਾਵੇਜ ਦੀਆਂ ਦੋ ਕਾਪੀਆਂ ਜਰੂਰੀ ਹਨ)

1) Freeship Card
2) ਸ਼ਕਾਲਰਸ਼ਿਪ ਪੋਰਟਲ ਤੇ ਆਨ-ਲਾਈਨ ਅਪਲਾਈ ਕੀਤਾ ਬਿਨੈ ਪੱਤਰ ਫੋਟੋ / ਹਸਤਾਖਰ ਸਹਿਤ
3) ਕਾਲਜ ਦਾ ਦਾਖਲਾ ਫਾਰਮ (ਕਲਾਸ, ਰੋਲ ਨੰ. ਉੱਪਰ ਲਿਖ ਦਿੱਤਾ ਜਾਵੇ)
4) ਵਿਦਿਆਰਥੀ ਵੱਲੋਂ ਸਕਾਲਰਸ਼ਿਪ ਪੋਰਟਲ ਤੇ ਅਪਲੋਡ ਕੀਤਾ ਜਾਣ ਵਾਲਾ ਹਲਫੀਆ ਬਿਆਨ (ਨਿਰਧਾਰਤ ਪ੍ਰੋਫਾਰਮਾ ਨੱਥੀ ਹੈ)
5) ਵਿਦਿਆਰਥੀ ਦਾ ਆਧਾਰ ਕਾਰਡ (ਫੋਟੋ ਕਾਪੀ)
6) ਪਿਤਾ ਦਾ ਆਧਾਰ ਕਾਰਡ (ਫੋਟੋ ਕਾਪੀ)
7) ਮਾਤਾ ਦਾ ਆਧਾਰ ਕਾਰਡ (ਫੋਟੋ ਕਾਪੀ)
8) ਜਾਤੀ ਸਰਟੀਫਿਕੇਟ
9) ਪੰਜਾਬ ਰਿਹਾਇਸ਼ੀ ਸਰਟੀਫਿਕੇਟ
10) ਤਹਿਸੀਲਦਾਰ ਤੋਂ ਜਾਰੀ ਮਾਤਾ - ਪਿਤਾ ਦੀ ਸਲਾਨਾ ਆਮਦਨ (ਐਸ.ਸੀ. 2.50 ਲੱਖ ਤੋਂ ਘੱਟ /ਓ.ਬੀ.ਸੀ. 1.50 ਲੱਖ ਤੋਂ ਘੱਟ) ਸਬੰਧੀ ਸਰਟੀਫਿਕੇਟ ਜਾਂ ਨੌਕਰੀ ਪੇਸ਼ਾ ਮਾਤਾ-ਪਿਤਾ ਲਈ ਵਿਭਾਗ ਦੇ ਮੁਖੀ ਵੱਲੋਂ ਜਾਰੀ ਇਨਕਮ ਸਰਟੀਫਿਕੇਟ ।
11) ਮੈਟ੍ਰਿਕ ਸਰਟੀਫਿਕੇਟ (ਫੋਟੋ ਕਾਪੀ)
12) ਪਿਛਲੀ ਪ੍ਰੀਖਿਆ ਦਾ ਸਰਟੀਫਿਕੇਟ (ਸਮੈਸਟਰ ਦੇ ਸਾਰੇ ਨਤੀਜੇ)
13) ਵਿਦਿਆਰਥੀ ਦੇ ਆਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਦੀ ਫੋਟੋ ਕਾਪੀ (ਆਈ.ਐਫ.ਐਸ.ਸੀ ਕੋਡ ਸਮੇਤ)
14) ਪਿਛਲੇ ਸਾਲ ਡਾ. ਅੰਬੇਦਕਰ ਪੋਰਟਲ ਤੇ ਅਪਲਾਈ ਕੀਤਾ ਬਿਨੈ ਪੱਤਰ ਦੀ ਕਾਪੀ
15) ਹਾਜ਼ਰੀ ਸ਼ੀਟ ਸਬੰਧੀ ਪ੍ਰੋਫਾਰਮਾ (ਨੱਥੀ)
16) ਦਿਵਿਆਂਗ ਸਰਟੀਫਿਕੇਟ (ਜੇਕਰ ਲਾਗੂ ਹੈ)

**ਨੋਟ : 1) ਐਂਟਰੀ ਕੋਰਸਾਂ ਲਈ ਵਿਦਿਆਰਥੀਆਂ ਨੇ ਫ੍ਰੀ-ਸ਼ਿਪ ਕਾਰਡ ਅਪਲਾਈ ਕਰਨਾ ਹੈ। ਭਾਗ ਦੂਜਾ ਅਤੇ ਭਾਗ ਤੀਜਾ ਦੇ ਵਿਦਿਆਰਥੀਆਂ ਨੇ ਪਿਛਲੇ ਸਾਲ ਦਾ ਫ੍ਰੀ-ਸ਼ਿਪ ਕਾਰਡ ਨੱਥੀ ਕਰਨਾ ਹੈ।**

**2) ਐਂਟਰੀ ਕੋਰਸਾਂ ਲਈ ਮਾਤਾ - ਪਿਤਾ ਦੀ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਇਸੇ ਸੈਸ਼ਨ ਦਾ ਹੋਣਾ ਜਰੂਰੀ ਹੈ । ਵਿਦਿਆਰਥੀ ਸਾਰੇ ਦਸਤਾਵੇਜਾਂ ਤੇ ਆਪਣੇ ਹਸਤਾਖਰ ਕਰਨ।**

**ਸੈਸ਼ਨ - 2023-24 (NEW FORMAT)**

**ਵਿਦਿਆਰਥੀ ਵੱਲੋਂ ਦਿੱਤਾ ਜਾਣ ਵਾਲਾ ਅੰਡਰਟੇਕਿੰਗ**

**(ਡਾ. ਬੀ.ਆਰ. ਅੰਬੇਦਕਰ ਐਸ.ਸੀ., ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ. ਸਕੀਮ)**

ਫੋਟੋ

1) ਮੈਂ ................................................ ਪੁੱਤਰ/ਪੁੱਤਰੀ........................................ ਵਾਸੀ ਪਿੰਡ................................ ਤਹਿਸੀਲ .......................................... ਜ਼ਿਲ੍ਹਾ..................................... ਦਾ /ਦੀ ਪੱਕੇ ਤੌਰ ਤੇ ਨਿਵਾਸੀ ਹਾਂ।

2) ਇਹ ਕਿ ਮੈਂ ਪੰਜਾਬ ਸਰਕਾਰ ਵੱਲੋਂ ਜਾਰੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿੱਚ ਦਰਜ ਲੜੀ ਨੰ .......... ਤੇ ਦਰਸਾਈ ਜਾਤੀ .................... ਨਾਲ ਸੰਬੰਧ ਰੱਖਦਾ/ਰੱਖਦੀ ਹਾਂ ਅਤੇ ਮੈਨੂੰ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਯੋਗ ਅਥਾਰਟੀ ਵੱਲੋਂ ਜਾਰੀ ਕੀਤਾ ਗਿਆ ਹੈ, ਜਿਸ ਦੀ ਕਾਪੀ ਪੋਰਟਲ ਤੇ ਅਪਲੋਡ ਕੀਤੀ ਗਈ ਹੈ। ਮੇਰੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ|

3) ਇਹ ਕਿ ਮੈਂ ਭਾਰਤ ਸਰਕਾਰ ਵੱਲੋਂ ਲਾਗੂ ਪੋਸਟ ਮੈਟ੍ਰਿਕ ਸਕਾਲਰਸਿਪ ਟੂ ਐਸ.ਸੀ./ਓ.ਬੀ.ਸੀ. ਸਕੀਮਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।

4) ਇਹ ਕਿ ਮੈਂ ਭਾਰਤ ਸਰਕਾਰ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ **(1)** ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਮਹੀਨਾ **ਮਾਰਚ, 2021** ਰਾਹੀਂ ਜਾਰੀ ਕੀਤੀਆਂ ਹਦਾਇਤਾਂ ਪੜ੍ਹ ਲਈਆਂ ਹਨ। **(2)** ਪੋਸਟ ਮੈਟ੍ਰਿਕ ਟੂ ਓ.ਬੀ.ਸੀ. ਸਕੀਮ ਅਧੀਨ ਜਾਰੀ ਹਦਾਇਤਾਂ ਪੜ੍ਹ ਲਈਆਂ ਹਨ, ਜਿਨਾਂ ਦੀ ਮੈਂ ਪਾਲਣਾ ਕਰਾਂਗਾ/ਕਰਾਂਗੀ|

5) ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. / ਓ.ਬੀ.ਸੀ .ਸਕੀਮਾਂ (ਕੇਵਲ ਇੱਕ ਸਕੀਮ) ਤੋਂ ਇਲਾਵਾ ਭਾਰਤ ਸਰਕਾਰ ਜਾਂ ਰਾਜ ਸਰਕਾਰ ਵੱਲੋਂ ਲਾਗੂ ਕਿਸੇ ਹੋਰ ਵਜੀਫਾ ਸਕੀਮਾਂ ਦਾ ਲਾਭ ਨਹੀਂ ਲਵਾਂਗਾ/ਲਵਾਂਗੀ|

6) ਇਹ ਕਿ ਪਿਛਲੇ ਸਾਲ ਮੈਂ ................................................... ਸੰਸਥਾ ਦਾ ਵਿਦਿਆਰਥੀ ਸੀ ਅਤੇ ਪੋਸਟ ਮੈਟ੍ਰਿਕ ਐਸ.ਸੀ. ਅਤੇ ਓ.ਬੀ.ਸੀ ਸਕੀਮ ਤਹਿਤ ਲਾਭ ਲਿਆ ਸੀ ਅਤੇ ਮੇਰਾ ਸ਼ਕਾਲਰਸ਼ਿਪ ਆਈ.ਡੀ .ਨੰਬਰ ........... .............ਹੈ|

7) ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਇਸ ਸੰਸਥਾ ਤੋਂ ਇਲਾਵਾ ਕਿਸੇ ਹੋਰ ਸੰਸਥਾ ਵਿੱਚ ਦਾਖ਼ਲਾ ਨਹੀਂ ਲਿਆ ਹੈ।

8) ਮੈਂ ਪਹਿਲਾਂ ਕਿਤੇ ਹੋਰ ਕੋਰਸ ਦੇ ਬਰਾਬਰ (Parallel Course) ਵਿੱਚ ਦਾਖ਼ਲਾ ਨਹੀਂ ਲਿਆ।

9) ਇਹ ਕਿ ਮੈਂ ......................................... ਸੰਸਥਾ ਵਿੱਚ ................................. ਕੋਰਸ ਵਿੱਚ ਸਾਲ .................. ਦੌਰਾਨ ਦਾਖ਼ਲਾ ਲਿਆ ਹੈ ਅਤੇ ਇਸ ਸਾਲ ਮੇਰਾ ਦਾਖ਼ਲਾ ਨੰਬਰ (ਰੋਲ ਨੰਬਰ) ..................... ਹੈ।

10) ਇਹ ਕਿ ਮੈਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. /ਓ.ਬੀ.ਸੀ. ਸਕੀਮ ਤਹਿਤ ਡਾ.ਬੀ.ਆਰ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਇਸ ਸਾਲ ਆਪਣਾ Freeship Card ਬਣਵਾ ਲਿਆ ਹੈ ਅਤੇ ਇਸ ਤੋਂ ਬਾਅਦ ਡਾ. ਅੰਬੇਦਕਰ ਪੋਰਟਲ ਤੇ ਸਕਾਲਰਸ਼ਿਪ ਅਪਲਾਈ ਕੀਤਾ ਹੈ ਅਤੇ ਇਸ ਸਾਲ ਮੇਰਾ ਸਕਾਲਰਸ਼ਿਪ ਆਈ.ਡੀ. ਨੰਬਰ............................ ਹੈ|

11) ਇਹ ਕਿ ਮੇਰਾ ਦਾਖ਼ਲਾ ਸੰਸਥਾ ਵੱਲੋਂ ਬਿਨ੍ਹਾਂ ਫੀਸ ਲਏ ਕੀਤਾ ਗਿਆ ਹੈ।

**ਜਾਂ**

ਇਹ ਕਿ ਮੈਂ ਦਾਖ਼ਲੇ ਸਮੇਂ ਸੰਸਥਾ ਨੂੰ ............................ ਰੁਪਏ ਫੀਸ ਜਮ੍ਹਾਂ ਕਰਵਾ ਦਿੱਤੀ ਹੈ।

12) ਇਹ ਕਿ ਸਕੀਮ ਅਧੀਨ ਸਕਾਲਰਸ਼ਿਪ ਫੰਡ ਪ੍ਰਾਪਤ ਹੋਣ ਤੇ ਫੀਸ ਅਤੇ ਮੈਂਟੀਨੈਂਸ ਅਲਾਊਂਸ ਦਾ ਕਲੇਮ ਪ੍ਰਾਪਤ ਕਰਾਂਗਾ/ਕਰਾਂਗੀ। ਕਿਸੇ ਵੀ ਤਰ੍ਹਾਂ ਦਾ ਕੋਰਟ ਕੇਸ ਨਹੀਂ ਕਰਾਂਗਾ/ਕਰਾਂਗੀ।

13) ਮੈਂ ਇਹ ਬਿਆਨ ਕਰਦਾ /ਕਰਦੀ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ./ਓ.ਬੀ.ਸੀ. ਸਕੀਮ ਤਹਿਤ ਵਜੀਫੇ ਦਾ ਲਾਭ ਲੈਂਦਿਆਂ ਹੋਇਆਂ ਆਪਣਾ ਕੋਰਸ ਪੂਰਾ ਕਰਾਂਗੀ/ਕਰਾਂਗਾ। ਜੇਕਰ ਮੈਂ ਕੋਰਸ ਅਧੂਰਾ ਛੱਡਦਾ ਹਾਂ ਤਾਂ ਐਸ.ਸੀ. ਸਕਾਲਰਸ਼ਿਪ ਸਕੀਮ ਤਹਿਤ ਸੰਸਥਾ ਜਾਂ ਮੈਨੂੰ ਜਾਰੀ ਕੀਤੀ ਫੀਸ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਦੇ ਨਿਯਮ XI(iv) ਅਨੁਸਾਰ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ. ਦੇ ਨਿਯਮ IX(iv) ਅਨੁਸਾਰ ਵਾਪਸ ਕਰਨ ਲਈ ਪਾਬੰਦ ਹੋਵਾਂਗਾ/ਹੋਵਾਂਗੀ।

14) ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਮੈਨੂੰ ਪ੍ਰਾਪਤ ਹੋਈ ਵਜੀਫੇ ਦੀ ਰਾਸ਼ੀ ਵਿੱਚੋਂ ਸੰਸਥਾ ਨੂੰ ਬਣਦੀ ਫੀਸ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ **ਮਾਰਚ, 2021** ਵਿੱਚ ਜਾਰੀ ਕੀਤੀਆਂ ਹਦਾਇਤਾਂ ਦੇ ਪੈਰ੍ਹਾ ਨੰ. 21.4 ਅਤੇ ਪੇਜ਼ ਨੰ. 18 ਅਨੁਸਾਰ ਸਕਾਲਰਸ਼ਿਪ ਪ੍ਰਾਪਤ ਹੋਣ ਤੋਂ ਸੱਤ (7) ਦਿਨਾਂ ਦੇ ਅੰਦਰ-ਅੰਦਰ ਕਾਲਜ ਨੂੰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ/ਹੋਵਾਂਗੀ, ਜੇਕਰ ਮੇਰੇ ਵੱਲੋਂ ਸਕਾਲਰਸ਼ਿਪ ਪ੍ਰਾਪਤ ਹੋਣ ਤੋਂ ਬਾਅਦ ਦਿੱਤੇ 7 ਦਿਨਾਂ ਵਿੱਚ ਸੰਸਥਾ ਨੂੰ ਫੀਸ ਜਮ੍ਹਾਂ ਨਾ ਕਰਵਾਈ ਗਈ, ਤਾਂ ਮੈਨੂੰ ਭਾਰਤ ਸਰਕਾਰ /ਰਾਜ ਸਰਕਾਰ ਵੱਲੋਂ ਮਾਰਚ, 2021 ਵਿੱਚ ਜਾਰੀ ਕੀਤੀਆਂ ਹਦਾਇਤਾਂ ਦੇ ਪੈਰਾ ਨੰ. 21.1 ਹਮੇਸ਼ਾ ਲਈ ਸਕਾਲਰਸ਼ਿਪ ਤੋਂ Debarred ਜਾਂ Blacklist ਕੀਤਾ ਜਾ ਸਕਦਾ ਹੈ।

15) ਮੇਰੇ ਵੱਲੋਂ ਪੋਰਟਲ ਤੇ ਅਪਲਾਈ ਕਰਨ ਦੌਰਾਨ ਜੋ ਬੈਂਕ ਖਾਤੇ ਸਬੰਧੀ ਦਿੱਤੀ ਡਿਟੇਲ ਅਤੇ ਦਸਤਾਵੇਜਾਂ ਨੂੰ ਨਿੱਜੀ ਪੱਧਰ ਤੇ ਪੂਰੀ ਤਰ੍ਹਾਂ ਚੈੱਕ ਕਰ ਲਿਆ ਗਿਆ ਹੈ, ਜੋ ਕਿ ਬਿਲਕੁਲ ਸਹੀ ਹੈ। ਇਹ ਬੈਂਕ ਖਾਤਾ ਮੇਰੇ ਆਧਾਰ ਕਾਰਡ ਨਾਲ ਲਿੰਕਡ ਹੈ।

**ਵਿਦਿਆਰਥੀ ਦਾ ਪੂਰਾ ਨਾਂ** ................................

**ਮਿਤੀ** ...............................

**ਹਸਤਾਖਰ** ..........................................

**ਕਲਾਸ** ......................**ਰੋਲ ਨੰ** ....................

# ਵਿਦਿਆਰਥੀ ਦੀ ਹਾਜ਼ਰੀ ਸਬੰਧੀ ਵੇਰਵਾ

(ਸੈਸ਼ਨ : 2023-24)

**ਸੰਸਥਾ ਦਾ ਨਾਮ** : **ਸਰਕਾਰੀ ਕਾਲਜ ਰੋਪੜ ।**

ਪੋਰਟਲ ਆਈ.ਡੀ. : ਯੂਨੀਵਰਸਿਟੀ ਰਜਿ. ਨੰ.

ਵਿਦਿਆਰਥੀ ਦਾ ਨਾਮ : ਪਿਤਾ ਦਾ ਨਾਮ :

ਕੋਰਸ ਦਾ ਨਾਮ : ਸਾਲ / ਸਮੈਸਟਰ :

ਕਲਾਸ ਰੋਲ ਨੰ. : ਦਾਖਲੇ ਦੀ ਮਿਤੀ :

**ਕਲਾਸ ਵਿੱਚ ਮਿਤੀ .................... ਤੋਂ ਮਿਤੀ .................... ਤੱਕ .................... ਪ੍ਰਤੀਸ਼ਤ ਹਾਜ਼ਰੀਆਂ ਹਨ ।**

**ਵਿਦਿਆਰਥੀ ਦੇ ਹਸਤਾਖਰ**

**ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਵਿਦਿਆਰਥੀ ਦਾ ਦਾਖਲੇ ਅਤੇ ਹਾਜ਼ਰੀ ਸਬੰਧੀ ਵੇਰਵਾ ਸਹੀ ਵਾ ਦਰੁਸਤ ਹੈ ਅਤੇ ਇਹ ਵਿਦਿਆਰਥੀ ਸਕੀਮ ਦੇ ਨਾਰਮਜ਼ ਮੁਤਾਬਕ ਸਕਾਲਰਸ਼ਿਪ ਅਪਲਾਈ ਕਰਨ ਵਿੱਚ ਯੋਗ ਹੈ । ਇਸ ਸਬੰਧੀ ਸੰਸਥਾ ਦੀ ਪੂਰਨ ਤੌਰ ਤੇ ਜਿੰਮੇਵਾਰੀ ਹੈ ।**

**ਸੰਸਥਾ ਦੇ ਮੁਖੀ ਦੇ ਹਸਤਾਖਰ**

**(ਸਮੇਤ ਮੋਹਰ)**